# Official Spokesperson's response to media queries regarding the resolution passed by Pakistan National Assembly regarding ‘Delimitation in the UT of J&K'

May 17, 2022

**.................**

## ਪਾਕਿਸਤਾਨ ਨੈਸ਼ਨਲ ਅਸੈਂਬਲੀ ਦੁਆਰਾ 'ਜੰਮੂ-ਕਸ਼ਮੀਰ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਹੱਦਬੰਦੀ' 'ਤੇ ਪਾਸ ਕੀਤੇ ਮਤੇ ਬਾਰੇ ਮੀਡੀਆ ਦੇ ਸਵਾਲਾਂ ਦਾ ਸਰਕਾਰੀ ਬੁਲਾਰੇ ਵੱਲੋਂ ਜਵਾਬ

**17 ਮਈ, 2022**

ਪਾਕਿਸਤਾਨ ਨੈਸ਼ਨਲ ਅਸੈਂਬਲੀ ਦੁਆਰਾ **'**ਜੰਮੂ**-**ਕਸ਼ਮੀਰ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਹੱਦਬੰਦੀ**' '**ਤੇ ਪਾਸ ਕੀਤੇ ਗਏ ਮਤੇ ਬਾਰੇ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਸਰਕਾਰੀ ਬੁਲਾਰੇ ਸ਼੍ਰੀ ਅਰਿੰਦਮ ਬਾਗਚੀ ਨੇ ਕਿਹਾ**:**

**“**ਅਸੀਂ ਪਾਕਿਸਤਾਨੀ ਨੈਸ਼ਨਲ ਅਸੈਂਬਲੀ ਦੁਆਰਾ ਭਾਰਤੀ ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ ਅਤੇ ਕਸ਼ਮੀਰ ਵਿੱਚ ਹੱਦਬੰਦੀ ਪ੍ਰਕਿਰਿਆ ਬਾਰੇ ਪਾਸ ਕੀਤੇ ਗਏ ਹਾਸੋਹੀਣੇ ਮਤੇ ਨੂੰ ਪੂਰੇ ਤੌਰ **'**ਤੇ ਖਾਰਜ ਕਰਦੇ ਹਾਂ।

ਪਾਕਿਸਤਾਨ ਦੇ ਗੈਰ**-**ਕਾਨੂੰਨੀ ਅਤੇ ਜ਼ਬਰਦਸਤੀ ਕਬਜ਼ੇ ਅਧੀਨ ਭਾਰਤੀ ਖੇਤਰਾਂ ਸਮੇਤ ਭਾਰਤ ਦੇ ਅੰਦਰੂਨੀ ਮਾਮਲਿਆਂ **'**ਤੇ ਬੋਲਣ ਜਾਂ ਉਨ੍ਹਾਂ ਵਿੱਚ ਦਖਲ ਦੇਣ ਦਾ ਦੀ ਕੋਈ ਸਥਿਤੀ  ਕੋਈ ਕਾਰਨ ਨਹੀਂ ਹੈ।

ਜੰਮੂ**-**ਕਸ਼ਮੀਰ ਅਤੇ ਲੱਦਾਖ ਕੇਂਦਰ ਸ਼ਾਸਤ ਪ੍ਰਦੇਸ਼ਾਂ ਦਾ ਪੂਰਾ ਖੇਤਰ ਭਾਰਤ ਦਾ ਅਨਿੱਖੜਵਾਂ ਅੰਗ ਰਿਹਾ ਹੈ ਅਤੇ ਹਮੇਸ਼ਾ ਰਹੇਗਾ।

ਜੰਮੂ ਅਤੇ ਕਸ਼ਮੀਰ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਹੱਦਬੰਦੀ ਪ੍ਰਕਿਰਿਆ ਵਿਆਪਕ ਹਿੱਸੇਦਾਰਾਂ ਨਾਲ ਸਲਾਹ**-**ਮਸ਼ਵਰੇ ਅਤੇ ਭਾਗੀਦਾਰੀ ਦੇ ਸਿਧਾਂਤਾਂ **'**ਤੇ ਅਧਾਰਤ ਲੋਕਤੰਤਰੀ ਪ੍ਰਕਿਰਿਆ ਹੈ।

ਅਫਸੋਸਨਾਕ ਗੱਲ ਹੈ ਕਿ ਪਾਕਿਸਤਾਨ ਦੇ ਆਗੂ ਆਪਣੀ ਪੀੜ੍ਹੀ ਥੱਲੇ ਸੋਟਾ ਮਾਰਨ ਦੀ ਬਜਾਏ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲਅੰਦਾਜ਼ੀ ਕਰ ਰਹੇ ਹਨ ਅਤੇ ਬੇਬੁਨਿਆਦ ਅਤੇ ਭੜਕਾਊ ਭਾਰਤ ਵਿਰੋਧੀ ਪ੍ਰਚਾਰ ਵਿੱਚ ਲੱਗੇ ਹੋਏ ਹਨ।

ਅਸੀਂ ਇਹ ਗੱਲ ਦੁਹਰਾਉਂਦੇ ਹਾਂ ਕਿ ਪਾਕਿਸਤਾਨ ਨੂੰ ਭਾਰਤ ਵਿਰੋਧੀ ਸਰਹੱਦ**-**ਪਾਰ ਅੱਤਵਾਦ ਫੌਰੀ ਤੌਰ **'**ਤੇ ਬੰਦ ਕਰਨਾ ਚਾਹੀਦਾ ਹੈ ਅਤੇ ਅੱਤਵਾਦ ਦੇ ਆਪਣੇ ਬੁਨਿਆਦੀ ਢਾਂਚੇ ਨੂੰ ਖਤਮ ਕਰਨਾ ਚਾਹੀਦਾ ਹੈ**;** ਪਾਕਿਸਤਾਨ ਦੇ ਕਬਜ਼ੇ ਵਾਲੇ ਜੰਮੂ**,** ਕਸ਼ਮੀਰ ਅਤੇ ਲੱਦਾਖ **(PoJKL)** ਵਿੱਚ ਹੋ ਰਹੀ ਮਨੁੱਖੀ ਅਧਿਕਾਰਾਂ ਦੀ ਗੰਭੀਰ ਅਤੇ ਲਗਾਤਾਰ ਉਲੰਘਣਾ ਨੂੰ ਰੋਕਣਾ ਚਾਹੀਦਾ ਹੈ**; PoJKL** ਦੇ ਹਾਲਾਤ ਵਿੱਚ ਹੋਰ ਤਬਦੀਲੀਆਂ ਕਰਨ ਤੋਂ ਪਰਹੇਜ਼ ਕਰਨਾ ਚਾਈਦਾ ਹੈ**,** ਅਤੇ ਆਪਣੇ ਵੱਲੋਂ ਗੈਰ**-**ਕਾਨੂੰਨੀ ਤਰੀਕੇ ਨਾਲ ਅਤੇ ਜ਼ਬਰਦਸਤੀ ਕਬਜ਼ਾਏ ਗਏ ਭਾਰਤੀ ਇਲਾਕਿਆਂ ਨੂੰ ਖਾਲੀ ਕਰਨਾ ਚਾਹੀਦਾ ਹੈ।**”**

ਨਵੀਂ ਦਿੱਲੀ
**17** ਮਈ**, 2022**

DISCLAIMER: This is an approximate translation. The original is available in English on MEA’s website and may be referred to as the official press release.